## ਮਰਨ ਵਿੱਚ ਡਾਕਟਰੀ ਸਹਾਇਤਾ

ਇਸ ਪ੍ਰਕਿਰਿਆ ਵਿੱਚ, ਕੋਈ ਵਿਅਕਤੀ ਮਰਨ ਵਿੱਚ ਸਹਾਇਤਾ ਦੀ ਬੇਨਤੀ ਕਰ ਸਕਦਾ ਹੈ, ਅਤੇ ਜੇ ਯੋਗ ਪਾਇਆ ਜਾਂਦਾ ਹੈ, ਤਾਂ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਸਵੈ-ਇੱਛਾ ਨਾਲ ਉਹਨਾਂ ਦੀ ਜ਼ਿੰਦਗੀ ਖਤਮ ਕਰਨ ਵਿੱਚ ਮਦਦ ਕਰ ਸਕਦੇ ਹਨ। ਤੁਸੀਂ 1-844-550-5556 'ਤੇ ਕਾਲ ਕਰਕੇ ਜਾਂ ਆਪਣੀ ਸੰਭਾਲ ਟੀਮ ਨਾਲ ਗੱਲ ਕਰਕੇ ਮਰਨ ਵਿੱਚ ਡਾਕਟਰੀ ਸਹਾਇਤਾ (Medical Assistance in Dying, MAiD) ਵਾਸਤੇ ਮੁਲਾਂਕਣ ਕੀਤੇ ਜਾਣ ਦੀ ਬੇਨਤੀ ਕਰ ਸਕਦੇ ਹੋ।

## ਆਪਣੇ ਲਈ ਸਹੀ ਵਿਕਲਪ ਚੁਣਨਾ

ਜਦੋਂ ਤੁਸੀਂ ਆਪਣੇ ਅਜ਼ੀਜ਼ਾਂ ਅਤੇ ਆਪਣੀ ਸੰਭਾਲ ਟੀਮ ਨਾਲ ਆਪਣੇ ਸੰਭਾਲ ਵਿਕਲਪਾਂ ਬਾਰੇ ਸੋਚਦੇ ਅਤੇ ਵਿਚਾਰ-ਵਟਾਂਦਰਾ ਕਰਦੇ ਹੋ, ਤਾਂ ਇਹਨਾਂ ਚੀਜ਼ਾਂ 'ਤੇ ਵਿਚਾਰ ਕਰਨਾ ਮਦਦਗਾਰ ਹੋ ਸਕਦਾ ਹੈ:

- ਜਦੋਂ ਮੈਂ ਆਪਣੀ ਜ਼ਿੰਦਗੀ ਦੇ ਅੰਤ ਦੇ ਨੇੜੇ ਹਾਂ ਤਾਂ ਮੇਰੇ ਲਈ ਜੀਵਨ ਦੀ ਗੁਣਵੱਤਾ ਦਾ ਕੀ ਅਰਥ ਹੈ?
- ਮੇਰੀ ਸਿਹਤ ਵਿਗੜਨ 'ਤੇ ਮੈਨੂੰ ਕਿੰਨੀ ਦੇਖਭਾਲ ਦੀ ਜ਼ਰੂਰਤ ਹੋਵੇਗੀ?
- ਕਿਸ ਕਿਸਮ ਦੀ ਸਹਾਇਤਾ ਮਦਦਗਾਰ ਹੋਵੇਗੀ?
- ਕਿਸ ਕਿਸਮ ਦਾ ਵਾਤਾਵਰਣ ਮੈਨੂੰ ਅਰਾਮ ਅਤੇ ਮਨ ਦੀ ਸ਼ਾਂਤੀ ਪ੍ਰਦਾਨ ਕਰੇਗਾ?
- ਮੇਰੇ ਨਜ਼ਦੀਕੀ ਲੋਕਾਂ ਦੇ ਮਨ ਨੂੰ ਕਿਹੜੀ ਚੀਜ਼ ਸਕੂਨ ਦੇਵੇਗੀ?

ਆਪਣੀ ਸਿਹਤ-ਸੰਭਾਲ ਟੀਮ ਨਾਲ ਗੱਲ ਕਰਨਾ ਤੁਹਾਡੀ ਸੰਭਾਲ ਲਈ ਸਭ ਤੋਂ ਵਧੀਆ ਫੈਸਲਾ ਲੈਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

ਮਰੀਜ਼ਾਂ ਅਤੇ ਪਰਿਵਾਰਾਂ ਲਈ ਜੀਵਨ ਦੇ ਅੰਤ ਦੀ ਸਹਾਇਤਾ ਬਾਰੇ

www.vch.ca 'ਤੇ ਹੋਰ ਜਾਣੋ।

2024.11

Vancouver Coastal Health

# ਉਹ ਫੈਸਲਾ ਕਰਨਾ ਜੋ ਤੁਹਾਡੇ ਲਈ ਸਹੀ ਹੈ

## ਮਰਨ ਤੋਂ ਪਹਿਲਾਂ, ਮਰਨ ਦੌਰਾਨ ਅਤੇ ਮਰਨ ਤੋਂ ਬਾਅਦ



Punjabi



## ਜੀਵਨ ਦੇ ਅੰਤ ਦੀ ਸੰਭਾਲ ਨੂੰ ਸਮਝਣਾ

ਜੀਵਨ ਦੇ ਅੰਤ ਦੀ ਸੰਭਾਲ ਮਰਨ ਤੋਂ ਪਹਿਲਾਂ, ਮਰਨ ਦੌਰਾਨ ਅਤੇ ਮਰਨ ਤੋਂ ਬਾਅਦ ਵਿੱਚ ਦੇਖਭਾਲ ਦੀ ਲੋੜ ਵਾਲੇ ਲੋਕਾਂ, ਉਹਨਾਂ ਦੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਸਹਿਯੋਗ ਦਿੰਦੀ ਹੈ। ਇਹ ਅਰਾਮ, ਸਤਿਕਾਰ ਅਤੇ ਜੀਵਨ ਦੀ ਗੁਣਵੱਤਾ 'ਤੇ ਕੇਂਦਰਿਤ ਹੈ।

ਤੁਹਾਡੀ ਸੰਭਾਲ ਟੀਮ ਤੁਹਾਡੇ ਨਾਲ ਤੁਹਾਡੀਆਂ ਸਿਹਤ-ਸੰਭਾਲ ਦੀਆਂ ਜ਼ਰੂਰਤਾਂ, ਦੇਖਭਾਲ ਦੇ ਟੀਚਿਆਂ ਅਤੇ ਜੀਵਨ ਦੇ ਅੰਤ ਦੀ ਸੰਭਾਲ ਦੇ ਵਿਕਲਪਾਂ ਬਾਰੇ ਵਿਚਾਰ-ਵਟਾਂਦਰਾ ਕਰੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਨੂੰ ਸਹੀ ਸੇਵਾਵਾਂ ਅਤੇ ਸਹਾਇਤਾ ਮਿਲ ਸਕੇ।

ਜਦ ਤੁਸੀਂ ਆਪਣੀ ਪਰਿਸਥਿਤੀ ਅਤੇ ਇੱਛਾਵਾਂ 'ਤੇ ਵਿਚਾਰ ਕਰਦੇ ਹੋ, ਜੀਵਨ ਦੇ ਅੰਤ ਦੀ ਸੰਭਾਲ ਦੀਆਂ ਤਰਜੀਹਾਂ ਬਾਰੇ ਫੈਸਲਾ ਲੈਣ ਵਿੱਚ ਸਮਾਂ ਲੱਗ ਸਕਦਾ ਹੈ। ਤੁਹਾਡੀ ਚੋਣ ਅੰਤਿਮ ਨਹੀਂ ਹੈ, ਤੁਹਾਡੀ ਟੀਮ ਤੁਹਾਡੀਆਂ ਇੱਛਾਵਾਂ ਦਾ ਸਨਮਾਨ ਕਰਨ ਦਾ ਟੀਚਾ ਰੱਖੇਗੀ ਭਾਵੇਂ ਤੁਹਾਡੀਆਂ ਇੱਛਾਵਾਂ ਬਦਲ ਜਾਣ।

## ਤੁਸੀਂ ਜੀਵਨ ਦੇ ਅੰਤ ਦੀ ਸੰਭਾਲ ਕਿੱਥੇ ਪ੍ਰਾਪਤ ਕਰ ਸਕਦੇ ਹੋ

ਸਹੀ ਜਗ੍ਹਾ 'ਤੇ ਸਹੀ ਸੰਭਾਲ ਲੱਭਣ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਡੇ, ਤੁਹਾਡੇ ਅਜ਼ੀਜ਼ਾਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਵੱਖ-ਵੱਖ ਸੇਵਾਵਾਂ ਉਪਲਬਧ ਹੋ ਸਕਦੀਆਂ ਹਨ।

**ਤੁਹਾਡਾ ਆਪਣਾ ਘਰ**

ਬਹੁਤ ਸਾਰੇ ਲੋਕ ਆਪਣੇ ਆਖਰੀ ਦਿਨ ਆਪਣੇ ਘਰ ਵਿੱਚ, ਆਪਣੇ ਅਜ਼ੀਜ਼ਾਂ ਨਾਲ ਅਤੇ ਅਰਾਮਦਾਇਕ ਵਾਤਾਵਰਣ ਵਿੱਚ ਬਿਤਾਉਣਾ ਪਸੰਦ ਕਰਦੇ ਹਨ। ਤੁਹਾਡੀਆਂ ਲੋੜਾਂ ਅਤੇ ਉਪਲਬਧ ਸੇਵਾਵਾਂ ਦੇ ਅਧਾਰ 'ਤੇ ਸੰਭਾਲ ਵਿਕਲਪ ਉਪਲਬਧ ਹਨ।

**ਲੌਂਗ ਟਰਮ ਕੇਅਰ (ਲੰਬੀ ਮਿਆਦ ਦੀ ਸੰਭਾਲ)**

ਲੌਂਗ ਟਰਮ ਕੇਅਰ ਹੋਮ ਉਹਨਾਂ ਗੰਭੀਰ ਬਿਮਾਰੀਆਂ ਜਾਂ ਵਿਗੜ ਰਹੀ ਸਿਹਤ ਵਾਲੇ ਲੋਕਾਂ ਲਈ ਹਨ ਜਿਨ੍ਹਾਂ ਨੂੰ ਹਰ ਸਮੇਂ ਸਹਾਇਤਾ ਦੀ ਲੋੜ ਹੁੰਦੀ ਹੈ। ਕੇਅਰ ਟੀਮਾਂ ਨੂੰ ਜੀਵਨ ਦੇ ਅੰਤ ਦੀ ਸੰਭਾਲ ਪ੍ਰਦਾਨ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਉਹ ਵਧੇਰੇ ਸਹਾਇਤਾ ਲਈ ਵਿਸ਼ੇਸ਼ ਪੈਲੀਏਟਿਵ ਕੇਅਰ (ਵਿਸ਼ੇਸ਼ ਡਾਕਟਰੀ ਸੰਭਾਲ ਜੋ ਗੰਭੀਰ ਰੂਪ ਨਾਲ ਬਿਮਾਰ ਮਰੀਜ਼ਾਂ 'ਤੇ ਕੇਂਦਰਿਤ ਹੁੰਦੀ ਹੈ) ਸੇਵਾਵਾਂ ਨੂੰ ਕਾਲ ਕਰ ਸਕਦੀਆਂ ਹਨ।

**ਹੌਸਪਿਸ**

ਹੌਸਪਿਸ ਵਿੱਚ ਸੰਭਾਲ ਉਹਨਾਂ ਲੋਕਾਂ ਦੀ ਮਦਦ ਕਰਦੀ ਹੈ ਜੋ ਜੀਵਨ ਦੇ ਅੰਤਿਮ ਪੜਾਵਾਂ ਵਿੱਚ ਹੁੰਦੇ ਹਨ, ਅਤੇ ਇਹ ਸੰਭਾਲ ਅਰਾਮ ਅਤੇ ਜੀਵਨ ਦੀ ਗੁਣਵੱਤਾ 'ਤੇ ਕੇਂਦਰਿਤ ਹੁੰਦੀ ਹੈ। ਹੌਸਪਿਸ ਟੀਮਾਂ ਇੱਕ ਅਜਿਹੇ ਮਾਹੌਲ ਵਿੱਚ ਅਧਿਆਤਮਿਕ, ਸੱਭਿਆਚਾਰਕ ਅਤੇ ਭਾਵਨਾਤਮਕ ਲੋੜਾਂ ਵਿੱਚ ਵੀ ਮਦਦ ਕਰਦੀਆਂ ਹਨ ਜੋ ਸ਼ਾਂਤ ਅਤੇ ਘਰ ਵਰਗਾ ਮਹਿਸੂਸ ਹੋਵੇ।

**ਹਸਪਤਾਲ**

ਹਸਪਤਾਲ ਬਿਮਾਰੀਆਂ ਜਾਂ ਲੱਛਣਾਂ ਦੀ ਪਛਾਣ ਅਤੇ ਇਲਾਜ ਕਰਨ ਵਿੱਚ ਮਾਹਰ ਹੁੰਦੇ ਹਨ। ਆਮ ਤੌਰ 'ਤੇ, ਹਸਪਤਾਲ ਵਿੱਚ ਰਹਿਣਾ ਥੋੜ੍ਹੇ ਸਮੇਂ ਲਈ ਹੁੰਦਾ ਹੈ, ਜਿਸਦਾ ਉਦੇਸ਼ ਵਧੇਰੇ ਅਰਾਮਦਾਇਕ ਮਾਹੌਲ ਜਿਵੇਂ ਕਿ ਘਰ ਜਾਂ ਹੌਸਪਿਸ ਵਿੱਚ ਜਾਣ ਤੋਂ ਪਹਿਲਾਂ ਲੱਛਣਾਂ ਨੂੰ ਸਥਿਰ ਕਰਨਾ ਹੈ।

ਤੁਹਾਡੀ ਸੰਭਾਲ ਟੀਮ ਸਵਾਲਾਂ ਦੇ ਜਵਾਬ ਦੇ ਸਕਦੀ ਹੈ, ਤੁਹਾਡੇ ਵਾਸਤੇ ਸਭ ਤੋਂ ਵਧੀਆ ਸੰਭਾਲ ਵਿਕਲਪ ਨਿਰਧਾਰਤ ਕਰਨ ਵਿੱਚ ਮਦਦ ਕਰ ਸਕਦੀ ਹੈ ਅਤੇ ਅਰਜ਼ੀ ਪ੍ਰਕਿਰਿਆ ਵਿੱਚ ਸਹਾਇਤਾ ਕਰ ਸਕਦੀ ਹੈ।